# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

**(ਫੁੱਟਕਲ ਸ਼ਾਖਾ)**

ਹੁਕਮ ਨੰ:383/ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਪੰਜਾਬ ਸਰਕਾਰ ਗ੍ਰਹਿ ਵਿਭਾਗ ਵਲੋਂ ਆਪਣੇ ਪੱਤਰ ਨੰ: SS/ACSH/2020/290 dated 07.04.2020, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ/ਪੰਜਾਬ ਮੰਡੀ ਬੋਰਡ ਵਲੋਂ ਆਪਣੇ ਪੱਤਰ ਨੰ: Estab-6.4.2020/11-200, No. Estab-6.4.2020/1-10 & No. Estab-6.4.2020/201-45K dated 06.04.2020 ਅਤੇ ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ਵਲੋਂ ਜਾਰੀ ਅਰਧ ਸਰਕਾਰੀ ਪੱਤਰ ਨੰ: Secy/CS/2020/45 dated 08.04.2020 ਰਾਹੀਂ ਆਉਣ ਵਾਲੀ ਕਣਕ ਦੀ ਫਸਲ ਦੀ ਖਰੀਦ ਦੇ ਸਬੰਧ ਵਿੱਚ ਦਿਸ਼ਾ ਨਿਰਦੇਸ਼ ਦਿੱਤੇ ਹਨ।

ਇਸ ਲਈ ਮੈਂ ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਰੀਦਕੋਟ ਫੌਜ਼ਦਾਰੀ ਦੰਡ ਸੰਘਤਾ,1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਜਿਲ੍ਹੇ ਵਿੱਚ ਹੇਠ ਲਿਖਤ ਹੁਕਮ ਪਾਸ ਕਰਦਾ ਹਾਂ:-

(ੳ) Harvest combines ਸਵੇਰੇ 06.00 ਵੱਜੇ ਤੋ ਸ਼ਾਮ 7.00 ਵੱਜੇ ਤੱਕ ਹੀ ਚੱਲਣਗੀਆਂ। ਇਸ ਸਮੇਂ ਤੋ ਬਾਅਦ (ਸ਼ਾਮ 7.00 ਵਜੇ ਤੋ ਸਵੇਰੇ 6.00 ਵਜੇ ਤੱਕ) ਕਣਕ ਦੀ ਫਸਲ ਦੀ ਕੰਬਾਇਨਾਂ ਰਾਂਹੀ ਕਟਾਈ ਤੇ ਮੁਕੰਮਲ ਤੌਰ ਤੇ ਰੋਕ ਲਗਾਉਣ ਦਾ ਹੁਕਮ ਦਿੰਦਾ ਹਾਂ।

(ਅ) ਪੰਜਾਬ ਐਗਰੀਕਲਚਰ ਮਾਰਕਿਟਿੰਗ ਬੋਰਡ ਵਲੋਂ ਆਪਣੇ ਪੱਤਰ ਨੰ:Estab-6.4.2020/201-45k dated 6.4.2020 ਰਾਹੀਂ ਹੇਠ ਲਿਖਤ ਹਦਾਇਤਾਂ ਲਾਇਸੰਸੀ /ਆੜਤੀਆਂ/ ਤੋਲੇ/ ਸਿੱਧੇ ਖਰੀਦਦਾਰ ਆਦਿ ਨੂੰ ਜਾਰੀ ਕੀਤੀਆਂ ਹਨ:-

1. ਆਰ.ਐਮ.ਐੱਸ. 2020-21 ਖਰੀਦ ਸੀਜ਼ਨ 15 ਅਪ੍ਰੈਲ ਤੋਂ 16 ਜੂਨ ਤੱਕ ਹੋਵੇਗਾ।
2. ਆਰ. ਐਮ. ਐਸ 2020-21 ਖਰੀਦ ਕਾਰਜ 15 ਅਪ੍ਰੈਲ ਤੋਂ 16 ਜੂਨ ਤੱਕ ਹੋਣਗੇ।
3. ਮੰਡੀਆਂ ਵਿਚ ਭੀੜ ਨੂੰ ਘੱਟ ਕਰਨ ਲਈ ਕਣਕ ਦੀ ਖਰੀਦ ਨੂੰ 15 ਅਪ੍ਰੈਲ, 2020 ਤੋਂ 45 ਦਿਨਾਂ ਵਿੱਚ ਨਿਯਮਤ ਕੀਤੀ ਜਾਏਗੀ।
4. ਖਰੀਦ ਨੂੰ ਨਿਯਮਤ ਕਰਨ ਲਈ, ਮਾਰਕੀਟ ਕਮੇਟੀ ਆੜ੍ਹਤੀਆਂ ਨੂੰ ਦਿਨ ਦੀ ਨਿਸ਼ਚਿਤ, ਤਾਰੀਖ ਅਤੇ ਮੰਡੀ ਵਿਸ਼ੇਸ਼ ਕੂਪਨ (ਹੋਲੋਗ੍ਰਾਮ / QRਕੋਡ ਦੇ ਨਾਲ) ਕਿਸਾਨਾਂ ਨੂੰ ਜਾਰੀ ਕੀਤੇ ਜਾਣਗੇ।
   - ਕਿਸਾਨ ਨੂੰ ਸੌਂਪਿਆ ਗਿਆ ਕੂਪਨ, ਉਸ ਨੂੰ ਆਪਣੀ ਉਪਜ/ ਕਣਕ ਨੂੰ ਕੂਪਨ ਉਪਰ ਦਸੀ ਗਈ ਤਰੀਖ ਅਤੇ ਮੰਡੀ ਵਿਚ ਲਿਜਾਣ ਲਈ ਪਰਮਿਟ ਹੋਵੇਗਾ।
   - ਇਕ ਕੂਪਨ ਤੇ ਇਕ ਖਪਤ ਲਈ ਯੋਗ ਹੋਵੇਗਾ ਅਰਥਾਤ 1 ਕੂਪਨ 1 ਟਰਾਲੀ (ਅੰਦਾਜਨ 50 ਕੁਇੰਟਲ)।
   - ਜੇ ਜਾਰੀ ਕੀਤਾ ਗਿਆ ਕੂਪਨ ਇਸਤੇਮਾਲ ਨਾ ਕੀਤਾ ਗਿਆ ਤਾਂ ਕੂਪਨ ਰੱਦ ਸਮਝਿਆ ਜਾਵੇਗਾ।
   - ਮੰਡੀ ਲਈ ਕੂਪਨ ਉਸ ਮੰਡੀ ਵਿਚ ਉਪਲਬਧ ਜਗ੍ਹਾ ਦੇ ਅਧਾਰ ਤੇ ਜਾਰੀ ਕੀਤੇ ਜਾਣਗੇ, ਭਾਵ ਉਹ ਕਣਕ ਦੀ ਲਿਫਟਿੰਗ ਤੇ ਨਿਰਭਰ ਕਰੇਗਾ।
   - ਕੂਪਨ ਵਿੱਚ ਕਿਸੇ ਵੀ ਕਿਸਮ ਦਾ ਵਾਧਾ-ਘਾਟਾ ਜਾਂ ਕਟਿੰਗ ਕਾਨੂੰਨੀ ਕਾਰਵਾਈ ਨੂੰ ਸੱਦਾ ਦੇਵੇਗੀ।
   - ਕੂਪਨ ਦੀ ਫੋਟੋਕਾਪੀ ਪ੍ਰਵਾਨ ਨਹੀਂ ਹੋਵੇਗੀ।
   - ਕੋਈ ਇਲੈਕਟ੍ਰਾਨਿਕ ਕੂਪਨ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੂਪਨ ਦੀ ਸਕੈਨ ਕੀਤੀ ਕਾਪੀ, ਮੰਡੀ ਵਿਚ ਦਾਖਲ ਹੋਣ ਲਈ ਵੈਲਿਡ ਹੋਵੇਗੀ।

ਉਪਰੋਕਤ ਹਦਾਇਤ ਦੀ ਇੰਨ-ਬਿੰਨ ਪਾਲਣਾ ਅਨਾਜ ਮੰਡੀਆਂ ਵਿੱਚ ਕੰਮ ਕਰਦਾ ਹਰ ਵਿਅਕਤੀ/ ਨਾਗਰਿਕ/ਕਿਸਾਨ/ਆੜਤੀਆਂ/ਤੋਲਣ ਵਾਲਾ ਆਦਿ ਕਰੇਗਾ ਅਤੇ ਪੰਜਾਬ ਸਰਕਾਰ ਸਿਹਤ ਵਿਭਾਗ ਵਲੋਂ ਸਮੇਂ-ਸਮੇਂ ਤੇ

Scanned with CamScanner

ਜਾਰੀ ਕੀਤੀ ਐਡਵਾਈਜਰੀ ਅਨੁਸਾਰ ਫਿਜ਼ੀਕਲ ਡਿਸਟੈਂਸ (Physical Distance) ਅਤੇ ਸਾਵਧਾਨੀਆਂ (Precautions) ਰੱਖੇਗਾ। ਮੰਡੀ ਬੋਰਡ ਕੋਵਿਡ-19 ਕੋਰੋਨਾ ਵਾਈਰਸ ਦੀ ਰੋਕਥਾਮ ਲਈ ਭਾਰਤ ਸਰਕਾਰ/ਪੰਜਾਬ ਸਰਕਾਰ/ਨਿਮਨਹਸਤਾਖਰ ਵਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਬਨਾਉਣਗੇ।

(ੲ) ਹਰ ਅਨਾਜ਼ ਮੰਡੀ (ਸਮੇਤ ਆਰਜ਼ੀ ਮੰਡੀਆਂ) ਵਿੱਚ ਆੜਤੀਆਂ / ਮੰਡੀ ਬੋਰਡ ਸਿਹਤ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਫ ਸਫਾਈ, ਮਾਸਕ ਪਾਉਣਾ ਅਤੇ ਹੱਥ ਧੋਣ ਸਬੰਧੀ (hygiene, wear mask and wash hand) ਸਬੰਧੀ ਲੋੜੀਂਦੀ ਕਾਰਵਾਈ ਕਰੇਗਾ। ਪੰਜਾਬ ਸਰਕਾਰ ਗ੍ਰਹਿ ਵਿਭਾਗ ਅਤੇ ਖੇਤੀਬਾੜੀ ਵਿਭਾਗ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ।

ਇਸ ਹੁਕਮ ਦੀਆਂ ਕਾਪੀਆਂ ਜ਼ਿਲ੍ਹਾ ਫਰੀਦਕੋਟ ਦੇ ਜ਼ਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ-ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਰਾਂਹੀ ਪਿੰਡਾਂ ਵਿੱਚ ਅਤੇ ਕਾਰਜਸਾਧਕ ਅਫਸਰ, ਨਗਰ ਕੋਸ਼ਲਜ਼ ਰਾਂਹੀ ਸ਼ਹਿਰਾ ਵਿੱਚ ਮਹੱਤਵਪੂਰਨ ਥਾਵਾਂ ਤੇ ਚਸਪਾ ਕਰਵਾ ਕੇ ਆਮ ਲੋਕਾਂ ਨੂੰ ਇਸ ਬਾਰੇ ਸੂਚਨਾ ਦਿੱਤੀ ਜਾਵੇ।

ਇਹ ਹੁਕਮ ਮਿਤੀ 11-04-2020 ਤੋਂ 31-05-2020 ਤੱਕ ਲਾਗੂ ਰਹਿਣਗੇ।

ਇਹ ਹੁਕਮ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 10/04/2020 ਨੂੰ ਜਾਰੀ ਹੋਇਆ।

ਕੁਮਾਰ ਸੌਰਭ ਰਾਜ,
ਆਈ.ਏ.ਐਸ.,
ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ।

ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

ਪਿੱਠ ਅੰ:ਨੰ: 1972 /ਫਸ-ਫਕ-2 ਮਿਤੀ: 09-04-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਫਸਰਾਂ ਪਾਸ ਜਾਣਕਾਰੀ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਖੁਰਾਕ ਤੇ ਸਪਲਾਈਜ਼ ਵਿਭਾਗ, ਚੰਡੀਗੜ੍ਹ
4. ਸਕੱਤਰ, ਪੰਜਾਬ ਮੰਡੀ ਬੋਰਡ, ਚੰਡੀਗੜ੍ਹ
5. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
6. ਸਮੂਹ ਜ਼ਿਲ੍ਹਾ ਮੈਜਿਸਟਰੇਟ, ਪੰਜਾਬ ਰਾਜ
7. ਸੀਨੀਅਰ ਪੁਲਿਸ ਕਪਤਾਨ, ਫਰੀਦਕੋਟ (ਸਮੇਤ 10-ਕਾਪੀਆਂ)।
8. ਉਪ-ਮੰਡਲ ਮੈਜਿਸਟਰੇਟ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
9. ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ ਪਾਸ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ।
10. ਜਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ, ਫਰੀਦਕੋਟ।
11. ਜਿਲ੍ਹਾ ਮੰਡੀ ਅਫਸਰ, ਫਰੀਦਕੋਟ, ਕਣਕ ਦੀ ਖਰੀਦ ਲਈ ਮੰਡੀਆਂ/ਖਰੀਦ ਕੇਂਦਰਾਂ ਵਿੱਚ ਹਰ ਲੋੜੀਦੇ ਪ੍ਰਬੰਧ ਕਰਨੇ ਯਕੀਨੀ ਬਨਾਉਣਗੇ।
12. ਮੁੱਖ ਖੇਤੀਬਾੜੀ ਅਫਸਰ, ਫਰੀਦਕੋਟ।
13. ਪ੍ਰੋਜੈਕਟ ਡਾਇਰੈਕਟਰ, ਆਤਮਾ, ਫਰੀਦਕੋਟ
14. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ ਪਾਸ ਇੰਨ੍ਹਾ ਹੁਕਮਾਂ ਨੂੰ ਲਾਗੂ ਕਰਨ ਹਿੱਤ।
15. ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ।
16. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਪਾਸ ਇੰਨ੍ਹਾ ਹੁਕਮਾਂ ਨੂੰ ਲਾਗੂ ਕਰਨ ਹਿੱਤ।

15\. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਪਾਸ ਇੰਨ੍ਹਾ ਹੁਕਮਾਂ ਨੂੰ ਲਾਗੂ ਕਰਨ ਹਿੱਤ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner